ਸੇਵਾ ਵਿ

ਪੰਜਾਬ ਸਰਕਾਰ
ਸਥਾਨਕ ਸਰਕਾਰ, ਵਿਭਾਗ
(ਲੇਖਾ ਸਾਖਾ)

ਸੇਵਾ ਵਿਖੇ,

ਕਮਿਸ਼ਨਰ,
ਨਗਰ ਨਿਗਮ, ਪਟਿਆਲਾ।
ਨੰ:ਲੇਖਾਕਾਰ-6-ਉਕਵਲ-ਡਸਸ-(ਨਿਗਮ/454/58)-17/ 20928
ਮਿਤੀ: 03/05/17

ਵਿਸ਼ਾ:- ਨਗਰ ਨਿਗਮ, ਪਟਿਆਲਾ ਦਾ ਬਜਟ ਸਾਲ 2017-18 ਸਬੰਧੀ।

*********

ਉਪਰੋਕਤ ਵਿਸੇ ਦੇ ਹਵਾਲੇ ਵਿੱਚ।

2 ਪੰਜਾਬ ਨਗਰ ਨਿਗਮ ਐਕਟ, 1976 ਦੇ ਨਿਯਮ 87 (2) ਅਤੇ 86 (1) ਅਧੀਨ ਨਗਰ ਨਿਗਮ, ਪਟਿਆਲਾ ਦਾ ਬਜਟ ਅਨੁਮਾਨ ਸਾਲ 2017-18 ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਵਧੀਕ ਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ ਵਲੋਂ ਪ੍ਰਵਾਨ ਕੀਤਾ ਜਾਂਦਾ ਹੈ :-

| ਬਜਟ ਐਸਟੀਮੇਟ (2017-18) | | (ਰਕਮ ਲੱਖਾਂ ਵਿੱਚ) |
|---|---|---|
| ਆਮਦਨ | | ਵਿਭਾਗ ਦੀ ਤੁਜਵੀਜ |
| ਮਿਤੀ 01/04/2017 ਨੂੰ ਮੁੱਢਲਾ ਬਕਾਇਆ | | 1116.68 |
| ਸਾਲ 2017-18 ਲਈ ਆਮਦਨ | | 12704.00 |
| ਕੁਲ | | 13820.68 |
| ਖਰਚਾ | | |
| ੳ. ਅਮਲਾ-(ਸਮੇਤ ਤਨਖਾਹਾਂ, ਏਰੀਅਰ, ਪੈਨਸਨ ਕੰਟਰੀਬਿਊਸ਼ਨ ਰਿਟਾਇਰਮੈਂਟ ਲਾਭ, ਮੈਡੀਕਲ ਰਿਬਰਸਮੈਂਟ ਅਤੇ ਟੀ.ਏ/ਐਲ.ਟੀ.ਸੀ ਆਦਿ) | | 7957.00 |
| ਅ. ਕੰਟੀਜੈਂਸੀ | | 218.00 |
| ੲ. ਵਿਕਾਸ ਦੇ ਕੰਮਾਂ ਲਈ: ਕਮਿਟਿਡ | 3323.00 | 4529.00 |
| ਨਾਨ-ਕਮਿਟਿਡ | 1206.00 | |
| ਕੁਲ | | 12704.00 |
| ਮਿਤੀ 31/3/2018 ਲਈ ਅੰਤਿਮ ਬਕਾਇਆ | | 1116.68 |
| ਕੁਲ | | 13820.68 |

ਆਮਦਨ:- ਇਸ ਮੱਦ ਅਧੀਨ ਸਾਲ 2017-18 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦੀ ਕੁੱਲ ਆਮਦਨ 12704.00 ਲੱਖ ਪ੍ਰਵਾਨ ਕੀਤੀ ਜਾਂਦੀ ਹੈ। :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਪ੍ਰਾਪਰਟੀ ਟੈਕਸ | 1100.00 |
| ਵੈਟ | 4180.00 |
| ਏਰੀਅਰ ਆਫ ਹਾਊਸ ਟੈਕਸ | 250.00 |
| ਬਿਜਲੀ ਤੋਂ ਚੁੰਗੀ | 450.00 |
| ਵਾਟਰ ਰੇਟ/ ਸੀਵਰੇਜ | 1310.00 |
| ਬਿਲਡਿੰਗ ਐਪਲੀਕੇਸ਼ਨ | 1500.00 |
| ਅਕਸਾਈਜ ਡਿਊਟੀ | 400.00 |
| ਲਾਇਸੰਸ ਫੀਸ | 20.00 |
| ਮਨੋਰੰਜਨ ਟੈਕਸ | 5.00 |
| ਇਸ਼ਤਿਹਾਰ | 250.00 |
| ਮੁਰਦਾ ਜਾਨਵਰ | 5.00 |
| ਏਰੀਅਰ ਆਫ ਬਿਜਲੀ | 100.00 |
| ਏਰੀਅਰ ਆਫ ਪ੍ਰਾਪਰਟੀ ਟੈਕਸ | 450.00 |
| ਸੇਲ ਆਫ ਲੈਂਡ | 2000.00 |
| ਹੋਰ ਸਾਧਨਾਂ ਤੋਂ ਆਮਦਨ | 250.00 |

ਨੋਟ :- ਆਪ ਦੀ ਸੰਸਥਾ ਦੇ ਬਜਟ ਦੀ ਪੜਚੋਲ ਕਰਨ ਤੇ ਇਹ ਤੱਥ ਸਾਹਮਣੇ ਆਏ ਹਨ ਕਿ ਨਗਰ ਨਿਗਮ ਵਿਖੇ ਆਮਦਨ ਦੇ ਸ੍ਰੋਤ ਤਾਂ ਹਨ ਪਰੰਤੂ ਆਪ ਵੱਲੋਂ ਉਨਾ ਰਾਹੀਂ ਆਮਦਨ ਜਨਰੇਟ ਕਰਨ ਦੀ ਉਚਿਤ ਕੋਸ਼ਿਸ਼ ਨਹੀਂ ਕੀਤੀ ਜਾ ਰਹੀ। ਆਪ ਨੂੰ ਲਿਖਿਆ ਜਾਂਦਾ ਹੈ ਕਿ ਪ੍ਰਾਪਰਟੀ ਟੈਕਸ ਮੱਦ ਅਧੀਨ, ਰੈਂਟ, ਵਾਟਰ ਰੇਟ ਆਦਿ ਦਾ ਸਰਵੇ ਕਰਵਾਇਆ ਜਾਵੇ ਤਾਂ ਜੋ ਜਿਹੜੇ ਯੂਨਿਟ ਸਰਕਾਰ ਦੇ ਰਿਕਾਰਡ ਵਿੱਚ ਨਹੀਂ ਹਨ ਉਨਾਂ ਤੋਂ ਆਮਦਨ ਜਨਰੇਟ ਕੀਤੀ ਜਾ ਸਕੇ ਅਤੇ ਰਿਕਵਰੀ ਸ਼ਾਖਾਵਾਂ ਨੂੰ ਬਜਟ ਦੇ ਟੀਚੇ ਪ੍ਰਾਪਤ ਕਰਨ ਲਈ ਹਦਾਇਤ ਕੀਤੀ ਜਾਵੇ ਅਤੇ ਆਮਦਨ ਵਧਾਈ ਜਾਵੇ ਤਾਂ ਜੋ ਆਪ ਵੱਲੋਂ ਬਜਟ ਅਧੀਨ ਦਰਸਾਈ ਗਈ ਪੈਂਡਿੰਗ ਲਾਇਬਿਲਟੀ, ਜੋ ਕਿ 3273.38 ਲੱਖ ਦੀ ਹੈ, ਨੂੰ ਖਤਮ ਕੀਤਾ ਜਾ ਸਕੇ।

ਖਰਚਾ: ਅਮਲਾ: ਇਸ ਮੱਦ ਅਧੀਨ ਨਗਰ ਨਿਗਮ, ਪਟਿਆਲਾ ਨੂੰ ਖਾਲੀ ਆਸਾਮੀਆਂ ਦਾ ਖਰਚਾ ਪ੍ਰਵਾਨ ਨਹੀਂ ਕੀਤਾ ਜਾਂਦਾ। ਤਨਖਾਹਾਂ / ਰਿਟਾਇਰਮੈਂਟ ਬੈਨੀਫਿਟ / ਪੈਨਸ਼ਨ ਕੰਟਰੀਬਿਊਸ਼ਨ ਅਦਾ ਕਰਨ ਲਈ 8285.00 ਲੱਖ ਰੁਪਏ ਦਾ ਬਜਟ ਪ੍ਰਵਾਨ ਕੀਤਾ ਜਾਂਦਾ ਹੈ। ਨਗਰ ਨਿਗਮ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਕਿਸੇ ਵੀ ਹੈੱਡ ਅਧੀਨ ਖਰਚਾ ਪ੍ਰਵਾਨਤ ਬਜਟ ਤੋਂ ਵੱਧ ਨਾ ਕੀਤਾ ਜਾਵੇ ਅਤੇ ਕੋਈ ਵੀ ਅਸਾਮੀ ਬਿਨਾਂ ਪੂਰਵ ਪ੍ਰਵਾਨਗੀ ਦੇ ਨਾ ਭਰੀ ਜਾਵੇ।

ਵਿਸ਼ੇਸ਼ ਨੋਟ : ਆਪ ਨੂੰ ਇਹ ਲਿਖਿਆ ਜਾਂਦਾ ਹੈ ਕਿ ਨਿਗਮ ਵਿਖੇ ਮੌਜੂਦ Official staff ਤੋਂ ਹੀ ਕੰਮ ਲਿਆ ਜਾਵੇ ਅਤੇ ਆਊਟ ਸੋਰਸ ਦਾ ਖਰਚਾ ਘਟਾ ਕੇ ਪਹਿਲ ਦੇ ਅਧਾਰ ਤੇ ਮੁਲਾਜਮਾਂ ਦਾ ਪੀ.ਐਫ ਜਮਾਂ ਕਰਵਾਇਆ ਜਾਵੇ ਤਾਂ ਜੋ ਭਵਿੱਖ ਹੋਣ ਵਾਲੀ ਲਿਟੀਗੇਸ਼ਨ ਤੋਂ ਬਚਿਆ ਜਾ ਸਕੇ।

ਕੰਟੀਜੈਂਸੀ:- ਇਸ ਮੱਦ ਅਧੀਨ ਸਾਲ 2018-19 ਲਈ ਹੇਠ ਦਰਸਾਏ ਹੈੱਡਾਂ ਸਮੇਤ ਬਾਕੀ ਹੈੱਡਾਂ ਦਾ ਕੁਲ ਖਰਚਾ 250.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|
| ਸਟੇਸ਼ਨਰੀ | 4.00 |
| ਪੈਟਰੋਲ, ਡੀਜਲ /ਓ ਐਂਡ ਐਮ | 182.00 |
| ਮਿਸਲੇਨੀਅਸ | 47.00 |
| ਟੈਲੀਫੋਨ | 4.00 |
| ਰਿਪੇਅਰ ਆਫ ਵਹੀਕਲ | 13.00 |
| ਕੁਲ ਜੋੜ | 250.00 |

ਵਿਕਾਸ:- ਇਸ ਮੱਦ ਅਧੀਨ ਹੇਠ ਦਰਸਾਏ ਹੈੱਡਾਂ ਸਮੇਤ ਬਾਕੀ ਹੈਡਾਂ ਦਾ ਕੁਲ ਖਰਚਾ 4287.00 ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ :-

| ਕਮਿਟਡ | ਵਿਭਾਗ ਦੀ ਪ੍ਰਵਾਨਗੀ |
|---|---|
| ਕਰਜਿਆਂ ਦੀ ਅਦਾਇਗੀ | 50.00 |
| ਟਿਊਬਵੈਲਾਂ ਦੇ ਬਿਲ | 1150.00 |
| ਸਟਰੀਟ ਲਾਈਟ ਦੇ ਬਿਲ | 550.00 |
| ਬਿਜਲੀ ਦਾ ਰੱਖ ਰਖਾਵ | 100.00 |
| ਐਮ.ਸੀ ਬਿਲਡਿੰਗ ਦੀ ਉਸਾਰੀ | 10.00 |
| ਲੀਗਲ ਚਾਰਜਿਜ | 30.00 |
| ਸੀਵਰ ਟਰੀਟਮੈਂਟ ਪਲਾਂਟ | 220.00 |
| ਵ/ਸ ਦਾ ਰੱਖ ਰਖਾਵ | 100.00 |
| ਅਦਰਜ | 320.00 |
| ਕੁਲ | 2530.00 |
| ਨਾਨ ਕਮਿਟਡ | |
| ਸੜਕਾਂ ਦੀ ਉਸਾਰੀ | 950.00 |
| ਨਵੀਂ ਸੀਵਰੇਜ ਲਾਈਨਾਂ/ਨਾਲੀਆਂ ਆਦਿ | 180.00 |
| ਨਾਈਟ ਸ਼ੈਲਟਰ - ਪਾਰਕਾਂ ਲਈ | 40.00 |
| ਸਰਵੇ ਆਫ ਪ੍ਰਾਪਰਟੀ ਟੈਕਸ | 212.00 |
| ਸਲਮੱਜ ਲਈ | 120.00 |
| ਮਸ਼ੀਨਰੀ ਲਈ | 30.00 |
| ਨਵੀਂ ਸਟਰੀਟ ਲਾਈਟ | 20.00 |
| ਅਦਰਜ | 205.00 |
| ਕੁਲ | 1757.00 |

ਆਪ ਨੂੰ ਵਿਸ਼ੇਸ਼ ਤੌਰ ਤੇ ਲਿਖਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਕੀਤੀ ਜਾਣ ਵਾਲੀ ਹਰ ਤਰ੍ਹਾਂ ਦੀ ਅਦਾਇਗੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ Aadhar Linked-Digital ਖਾਤਿਆਂ ਵਿੱਚ ਹੀ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

ਮਿਤੀ 31/3/2019 ਲਈ ਅੰਤਿਮ ਬਕਾਇਆ ਰੁਪਏ 758.50 ਲੱਖ ਰੁਪਏ ਨਿਸ਼ਚਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮਾਨਯੋਗ ਪ੍ਰ.ਸ.ਸ.ਸ ਜੀ ਵੱਲੋਂ ਹੋਏ ਹੁਕਮਾਂ ਅਨੁਸਾਰ ਵਿਸ਼ੇਸ਼ ਤੌਰ ਤੇ ਲਿਖਿਆ ਜਾਂਦਾ ਹੈ ਕਿ :-

1 ਨਵੇਂ ਸਟਾਫ ਦੀ ਕੰਟਰੈਕਟ ਤੇ ਜਾਂ ਰੈਗੂਲਰ ਤੌਰ ਤੇ ਆਪਣੇ ਪੱਧਰ ਤੇ ਕੋਈ ਭਰਤੀ ਨਾ ਕੀਤੀ ਜਾਵੇ।

2. ਪ੍ਰਾਪਰਟੀ ਟੈਕਸ ਅਤੇ ਆਮਦਨ ਦੇ ਹੋਰ ਸਰੋਤਾਂ ਤੋਂ ਆਮਦਨ ਵਧਾਉਣ ਸਬੰਧੀ ਉਪਰਾਲੇ ਕੀਤੇ ਜਾਣ।

3 ਬਿਜਲੀ ਦੇ ਬਿਲਾਂ ਦੀਆਂ ਲੰਬਿਤ ਦੇਣਦਾਰੀਆਂ ਪਹਿਲ ਦੇ ਅਧਾਰ ਤੇ ਖਤਮ ਕੀਤੀਆਂ ਜਾਣ।

4. ਸਾਲ 2018-19 ਤੋਂ ਡਬਲ ਐਂਟਰੀ ਸਿਸਟਮ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।

ਉਕਤ ਅੰਕੜਿਆਂ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਆਮਦਨ ਵਧਾਉਣ ਅਤੇ ਲੰਬਿਤ ਦੇਣਦਾਰੀਆਂ ਖਤਮ ਕਰਨ ਲਈ ਆਪ ਵੱਲੋਂ ਨਿੱਜੀ ਪੱਧਰ ਤੇ ਧਿਆਨ ਦਿੱਤਾ ਜਾਵੇ।

ਸ਼ਰਤਾਂ:-

1 ਸਾਲ 2018-19 ਲਈ ਮਿੱਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਨਿਗਮ ਦੇ ਕਮਿਸ਼ਨਰ, ਮੇਅਰ ਅਤੇ ਕਾਰਜ ਸਾਧਕ ਅਫਸਰ ਦੀ ਸਾਂਝੀ ਜ਼ਿੰਮੇਵਾਰੀ ਹੋਵੇਗੀ।

2 ਨਗਰ ਨਿਗਮ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ।

3 ਅਮਲੇ ਦੇ ਖਰਚੇ ਅਤੇ ਦਫਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ।

4 ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿੱਚ ਕੀਤਾ ਜਾਵੇ।

5 ਕੋਈ ਨਵੀਂ ਆਸਾਮੀ/ਖਾਲੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਨਾ ਭਰੀ ਜਾਵੇ।

6. ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ।

7 ਕੋਈ ਵੀ ਵਹੀਕਲ ਇਸ ਦਫਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ।

8 ਡੇਲੀਵੇਜਿਜ਼ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫਤਰ ਦੀ ਵਿਭਾਗ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ :

9 ਕੰਟਰੈਕਟ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿੱਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿੱਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ।

10 ਰੋਜ਼ਗਾਰ ਵਿਚੋਂ ਉਸਾਰੇ ਜਾਣ ਵਾਲੇ ਮਿਊਂਸਪਲ ਭਵਨ ਲਈ ਨਗਰ ਨਿਗਮ ਦੀ ਕੁੱਲ ਆਮਦਨ ਦਾ 1% ਦੀ ਰਾਸ਼ੀ ਦਾ ਉਪਬੰਧ ਕੀਤਾ ਜਾਂਦਾ ਹੈ।

11 ਵਿਕਾਸ : ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ। ਹਰ ਹਾਲਤ ਵਿਚ ਜੋ ਫੰਡ ਸਰਕਾਰ ਵੱਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਦੀ ਸਮਾਂ ਸੀਮਾਂ ਅਤੇ ਮਿੱਥੇ ਤਖਮੀਨੇ ਵਿੱਚ ਮੁਕੰਮਲ ਕੀਤਾ ਜਾਵੇ। ਗਰਾਂਟ ਦਾ ਖਰਚਾ ਸਕੀਮ ਵਿੱਚ ਦਰਜ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਤ ਸ਼ਾਖਾ ਨੂੰ ਸਮਾਂ ਸਿਰ ਪੁੱਜਦਾ ਕੀਤਾ ਜਾਵੇ। ਨਿਗਮ ਵੱਲੋਂ ਹਰ ਸਾਲ ਅਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮਾਂ ਸਿਰ ਸਰਕਾਰ ਨੂੰ ਭੇਜੀ ਜਾਵੇ। ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮਦ ਵਿੱਚ ਕੀਤਾ ਜਾਵੇ।

12 ਦਾਖਿਲ ਖ਼ਾਰਜ ਲਈ ਲੋੜੀਂਦੇ ਡਰਾਫਟਸਮੈਨ ਖਾਲੀ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ।

13 ਸਾਲ 2018-19 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ।

14 ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ਼, ਜੀ.ਪੀ.ਫੰਡ ਦੀ ਅਦਾਇਗੀ, ਪੈਨਸ਼ਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ ਆਈ ਸੀ ਦੇ ਕਰਜਿਆਂ ਦੀ ਅਦਾਇਗੀ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ।

15 ਕਰਮਚਾਰੀਆਂ ਨੂੰ ਤਰੱਕੀ ਦੇਣ ਦੇ ਸਬੰਧ ਵਿੱਚ ਰਾਜ ਸਰਕਾਰ ਵਲੋਂ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਗਿਆ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ।

16 ਸ਼ਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾਂ ਦੇਣ ਸਬੰਧੀ ਉਪਰਾਲੇ ਕੀਤੇ ਜਾਣ।

17 ਸਾਲ 2018-19 ਦੇ ਪ੍ਰਵਾਨ ਕੀਤੇ ਬਜਟ/ਆਮਦਨ ਦਾ 1% ਨਗਰ ਨਿਗਮ ਦੇ ਵਿਕਾਸ ਦੇ ਫੰਡ ਵਿੱਚੋਂ ਸ਼ਹਿਰ ਦੀ ਹਰਿਆਵਲੀ/ਸ਼ਹਿਰੀ ਲਈ ਵਰਤਿਆ ਜਾਵੇ।

18 ਸਥਾਨਕ ਸੰਸਥਾ ਦੇ ਦਫਤਰ ਵਿੱਚ ਕੰਪਿਊਟਰਾਈਜ਼ੇਸ਼ਨ ਕਰਨ ਲਈ ਬਜਟ ਦੇ ਫੰਡਾਂ ਵਿੱਚ ਆਪ ਦੇ ਅਧਿਕਾਰੀਆਂ / ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਸ਼ਾਖਾਵਾਂ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜ਼ੇਸ਼ਨ ਹਰ ਹਾਲਤ ਵਿੱਚ ਕੀਤੀ ਜਾਵੇ।

19 ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿੱਚ ਆਡਿਟ ਵੱਲੋਂ ਜੋ ਇਤਰਾਜ਼ ਲਗਾਏ ਜਾਂਦੇ ਹਨ ਉਨ੍ਹਾਂ ਦਾ ਉੱਤਰ ਆਡਿਟ ਨਟ ਵਿੱਚ ਦਰਸਾਏ ਅਨੁਸਾਰ ਸਮਾਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ।

ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
ਸਥਾਨਕ ਸਰਕਾਰ, ਪੰਜਾਬ।